# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 25 ਸਤੰਬਰ 2025 ਦਿਨ ਵੀਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਲੋਕ ਗਾਇਕ ਰਾਜ ਗਿੱਲ ਦਾ ਮਾਡਰਨ ਛੱਲਾ ਦਾ ਪੋਸਟਰ ਕੀਤਾ ਰਿਲੀਜ਼

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ



**ਫਰੀਦਕੋਟ 25 ਸਤੰਬਰ :** ਅੱਜ ਇੱਥੇ ਬਾਬਾ ਸ਼ੇਖ ਫਰੀਦ ਜੀ ਆਗਮਨ ਪੁਰਬ ਤੇ ਲੋਕ ਗਾਇਕ ਰਾਜ ਗਿੱਲ ਭਾਣਾ ਦਾ ਆਉਣ ਵਾਲੇ ਗੀਤ ਮਾਡਰਨ ਛੱਲਾ ਦਾ ਪੋਸਟਰ ਸ. ਕੇ. ਪੀ. ਸਿੰਘ ਸਰਾਂ ਪ੍ਰਧਾਨ ਸ਼ੇਖ ਫ਼ਰੀਦ ਸਹਿਤ ਅਤੇ ਵੈਲਫੇਅਰ ਕਲੱਬ ਫਰੀਦਕੋਟ ਅਤੇ ਸ. ਗੁਰਜੀਤ ਸਿੰਘ ਢਿੱਲੋਂ ਮੁੱਖ ਸੇਵਾਦਾਰ ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈਲਫੇਅਰ ਸੋਸਾਇਟੀ ਪੰਜਾਬ ਵੱਲੋ ਰਿਲੀਜ਼ ਕੀਤਾ ਗਿਆ। ਇਸ ਮੋਕੇ ਤੇ ਦਵਿੰਦਰ ਸਿੰਘ ਪੰਜਾਬ ਮੋਟਰਜ਼ ਪ੍ਰਧਾਨ ਨੈਸ਼ਨਲ ਯੂਥ ਕਲੱਬ ਫਰੀਦਕੋਟ,ਸਵਰਨ ਸਿੰਘ ਵੰਗੜ,ਮਨਜੀਤਇੰਦਰ ਸਿੰਘ, ਜਸਬੀਰ ਸਿੰਘ ਆਲ ਇੰਡੀਆ ਕਿਸਾਨ ਯੂਨੀਅਨ (ਫਤਹਿ),ਸ਼ਰਨਜੀਤ ਸਿੰਘ ਸਰਾਂ,ਸ਼ਿਵਨਾਥ ਦਰਦੀ ਪ੍ਰਧਾਨ ਕਲਮਾਂ ਦੇ ਰੰਗ ਰਜਿ ਫਰੀਦਕੋਟ,ਪ੍ਰੈਸ ਰਿਪੋਰਟ ਰਜਿੰਦਰ ਸਿੰਘ ਮਾਨ, ਪੋ.ਬੀਰਇੰਦਰ ਸਿੰਘ ਸਰਾਂ ਆਦਿ ਹਾਜ਼ਰ ਸਨ। ਪੰਜਾਬ ਦੇ ਇਤਿਹਾਸ ਵਿੱਚ ਇਹ ਕਹਿ ਲਈਏ ਬਹੁਤਿਆਂ ਨੇ ਛੱਲਾ ਗਾਇਆ ਤੇ ਲਿਖਿਆ ਹੋਇਆ ਹੈ।ਪੰਜਾਬੀ ਬੋਲੀ ਵਿੱਚ ਛੱਲੇ ਦੇ ਦੋ ਰੂਪ ਹਨ। ਪਹਿਲਾ ਹੱਥ ਦੀਆਂ ਉਂਗਲਾਂ ਵਿੱਚ ਪਹਿਨਿਆ ਜਾਣ ਵਾਲਾ ਬਿਨਾਂ ਨਗ ਤੋਂ ਮੁੰਦਰੀ ਵਰਗਾ ਗਹਿਣਾ ਹੈ ਜੋ ਆਮ ਤੌਰ ਤੇ ਚੀਚੀ ਵਿੱਚ ਪਾਇਆ ਜਾਂਦਾ ਹੈ ਇਹ ਪਿਆਰ ਦੀ ਨਿਸ਼ਾਨੀ ਵਜੋਂ ਵੀ ਜਾਣਿਆ ਜਾਂਦਾ ਹੈ। ਛੱਲੇ ਦਾ ਦੂਸਰਾ ਰੂਪ ਪੰਜਾਬੀ ਗਾਇਕੀ ਦੀ ਇੱਕ ਸ਼ੈਲੀ ਹੈ ਜਿਸ ਉਤੇ ਬਹੁਤ ਸਾਰੇ ਗਾਇਕਾਂ ਨੇ ਗਲ਼ਾ ਅਜਮਾਇਆ। ਕੁਝ ਗਾਇਕ ਛੱਲੇ ਨੂੰ ਗਾ ਕੇ ਅਮਰ ਕਰ ਗਏ ਅਤੇ ਕੁਝ ਇਸਨੂੰ ਗਾ ਕੇ ਮਕਬੂਲ ਹੋਏ। ਛੱਲਾ ਅਸਲ ਵਿੱਚ ਪੁੱਤਰ ਵਿਯੋਗ ਅਤੇ ਮਨੁੱਖੀ ਰਿਸ਼ਤਿਆਂ ਦੀ ਬਾਤ ਪਾਉਂਦਾ ਹੈ। ਛੱਲਾ ਪਿਓ ਨਾਲੋਂ ਜਵਾਨ ਪੁੱਤ ਦੇ ਵਿਛੋੜੇ, ਮਾਂ ਦੀ ਅਣਹੋਂਦ, ਧੀਆਂ ਦੇ ਪਰਾਏ ਹੋਣ, ਮਾਪਿਆਂ ਦੇ ਤੁਰ ਜਾਣ ਅਤੇ ਕਿਤੇ ਮੁਹੱਬਤ ਦੇ ਦੂਰ ਹੋਣ ਦੇ ਦਰਦ ਦੀ ਡੂੰਘੀ ਰਮਜ਼ ਹੈ। ਛੱਲਾ ਨੌਂ-ਨੌਂ ਖੇਵੇ, ਪੁੱਤਰ ਮਿੱਠੜੇ ਮੇਵੇ, ਅੱਲਾ ਸਭ ਨੂੰ ਦੇਵੇ...ਇਹ ਗੀਤ ਬਹੁਤ ਗਾਇਕਾਂ ਨੇ ਗਾਇਆ ਹੈ ਚੜ੍ਹਦੇ ਪੰਜਾਬ ਦੇ ਨਾਮਵਰ ਗਾਇਕ ਗੁਰਦਾਸ ਮਾਨ,ਗਾਇਕ ਸੁਰਿੰਦਰ ਛਿੰਦੇ ਨੇ ਵੀ ਕਹਾਣੀ ਰੂਪ ਵਿੱਚ ਇੰਝ ਹੀ ਗਾਇਆ ਹੈ।ਦੱਸਣਯੋਗ ਹੈ ਕਿ 'ਛੱਲੇ' ਦੀ ਸਭ ਤੋਂ ਪਹਿਲੀ ਰਿਕਾਰਡਿੰਗ ਵੀ ਇਨਾਇਤ ਅਲੀ ਦੀ ਹੀ ਹੈ। ਇਹ ਛੱਲਾ ਵੱਖ ਵੱਖ ਗਾਇਕ ਵੱਲੋ ਵੱਖ ਵੱਖ ਢੰਗ ਨਾਲ ਗਾਇਆ ਗਿਆ। ਹੁਣ ਇਹ ਛੱਲਾ ਸਾਡੇ ਸ਼ਹਿਰ ਫਰੀਦਕੋਟ ਦੇ ਰਾਜ ਗਿੱਲ ਭਾਣਾ ਨੇ ਆਪਣੀ ਹੀ ਅਦਾ ਕਾਰੀ ਰਾਹੀ ਇਸ ਗਾਇਆ ਹੈ ਜਿਸ ਦੇ ਪਹਿਲੇ ਬੋਲ ਇਸ ਪ੍ਰਕਾਰ ਹਨ..ਛੱਲਾ ਕਰਕੇ ਬਾਰਾਂ ਮਾਰਦਾ ਫਿਰਦਾ ਛਾਲਾਂ...ਚੰਡੀਗੜ੍ਹ ਬਾਪੂ ਮੈ ਜਾਊ ਡਿਗਰੀਆਂ ਕਰਕੇ ਆਊ...

ਗਿੱਲ ਭਾਣਾ ਨੇ ਹੁਣ ਤੱਕ ਸਭਿਆਚਾਰਕ ਹੀ ਗੀਤ ਗਾਇਆ ਹਨ। ਇਹਨਾਂ ਦੇ ਗੀਤਾਂ ਵਿੱਚ ਕਿਤੇ ਵੀ ਅਸ਼ਲੀਲਤਾ ਨਜ਼ਰ ਨਹੀ ਆਵੇਗੀ। ਅੱਜ ਕੱਲ ਦੇ ਗਾਇਕ ਵਧੇਰੇ ਇਸ ਦਾ ਹੀ ਸਹਾਰਾ ਲੈਦੇ ਹਨ। ਪਰ ਇਸ ਦੇ ਉਲਟ ਭਾਣਾ ਦੇ ਗੀਤਾਂ ਵਿੱਚ ਇਸ ਤਰਾਂ ਦੀ ਸ਼ੈਲੀ ਨਜ਼ਰ ਨਹੀ ਮਿਲੇਗੀ।

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਪਿੰਡ ਉਡਤ ਭਗਤ ਰਾਮ ਅਤੇ ਪਿੰਡ ਲਹਿਰੀ ਜ਼ਿਲਾ ਮਾਨਸਾ ਵਿਖੇ 2 ਹੋਰ ਸਿਖਲਾਈ ਸਿਲਾਈ ਕੈਂਪਾਂ ਦਾ ਉਦਘਾਟਨ ਕੀਤਾ ਗਿਆ

ਵਰਲਡ ਪੰਜਾਬੀ ਟਾਈਮਜ਼
ਰਸ਼ਪਿੰਦਰ ਕੌਰ ਗਿੱਲ



**ਮਾਨਸਾ- 25 ਸਤੰਬ ਰ:** ਸ਼੍ਰੋਮਣੀ ਅਕਾ ਲੀ ਦਲ ਅੰਮ੍ਰਿਤਸਰ ਔਰਤਾਂ ਨੂੰ ਸਮਾਜਿਕ ਅਤੇ ਆਰਥਿਕ ਪੱਧਰ ਉੱਤੇ ਮਜ਼ਬੂਤ ਕਰਨ ਲਈ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਤਿੰਨ ਮਹੀਨੇ ਦੇ ਸਿਖਲਾਈ ਕੈਂਪਾਂ ਦੀ ਮੁਹਿੰਮ ਚਲਾ ਰਿਹਾ ਹੈ। ਇਸੇ ਤਹਿਤ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਪਿੰਡ ਉਡਤ ਭਗਤ ਰਾਮ ਅਤੇ ਪਿੰਡ ਲਹਿਰੀ ਜ਼ਿਲਾ ਮਾਨਸਾ ਵਿਖੇ ਸਿਲਾਈ ਕੈਂਪਾਂ ਦੀ ਕੀਤੀ ਗਈ ਸ਼ੁਰੂਆਤ। ਇੰਨਾਂ ਦੋਨਾਂ ਕੈਂਪਾਂ ਦੀ ਟ੍ਰੇਨਰ ਬੀਬੀ ਦਰਸ਼ਨ ਕੌਰ ਜੀ ਹਨ। ਇਸ ਕੈਂਪ ਦੇ ਉਦਘਾਟਨ ਸਮੇਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਮਾਨਸਾ ਦੀ ਜਥੇਬੰਦੀ ਦੇ ਬੀਬੀ ਪ੍ਰਦੀਪ ਕੌਰ ਸਿੱਧੂ ਜੀ ਮੈਂਬਰ, ਬਲਵੀਰ ਸਿੰਘ ਜੀ ਜ਼ਿਲਾ ਪ੍ਰਧਾਨ, ਜੋਗਿੰਦਰ ਸਿੰਘ ਬੋਹਾ, ਜਗਸੀਰ ਸਿੰਘ ਜੋਗਾ, ਲਵਦੀਪ ਸਿੰਘ, ਸੁਖਮਨ ਸਿੰਘ, ਜਿੰਦਰ ਸਿੰਘ ਜੀ ਮੌਜੂਦ ਸਨ। ਪਾਰਟੀ ਦੇ ਆਗੂਆਂ ਨੇ ਸਿਖਲਾਈ ਲੈਣ ਆਈਆਂ ਬੱਚੀਆਂ ਨੂੰ ਹੱਥੀਂ ਕੰਮ ਸਿੱਖ ਕੇ ਆਪਣੇ ਆਪ ਨੂੰ ਮਾਨਸਿਕ ਅਤੇ ਆਰਥਿਕ ਪੱਖੋਂ ਮਜ਼ਬੂਤ ਹੋਣ ਲਈ ਪ੍ਰੇਰਿਤ ਕੀਤਾ। ਇੰਨਾਂ ਸਿਖਲਾਈ ਕੈਂਪਾਂ ਰਾਹੀਂ ਤਿੰਨ ਮਹੀਨੇ ਸਿਲਾਈ ਅਤੇ ਕਢਾਈ ਦੀ ਸਿਖਲਾਈ ਦਿੱਤੀ ਜਾਏਗੀ। ਤਿੰਨ ਮਹੀਨੇ ਦੇ ਇਸ ਕੈਂਪ ਦੇ ਅੰਤ ਉੱਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਤਿੰਨ ਮਹੀਨੇ ਦਾ ਕੋਰਸ ਕਰਣ ਵਾਲੀਆਂ ਬੀਬੀਆਂ ਨੂੰ ਅਤੇ ਕੈਂਪ ਚਲਾਉਣ ਵਾਲੀ ਬੀਬੀਆਂ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਯਾਦਗਿਰੀ certificate ਵੀ ਦਿੱਤਾ ਜਾਏਗਾ। ਪਾਰਟੀ ਵੱਲੋਂ ਲਗਾਏ ਜਾ ਰਹੇ ਇੰਨਾਂ ਸਾਰੇ ਕੈਂਪਾਂ ਦੀ ਜ਼ਿੰਮੇਵਾਰੀ ਰਸ਼ਪਿੰਦਰ ਕੌਰ ਗਿੱਲ ਜਨਰਲ ਸਕੱਤਰ ਪੰਜਾਬ ਇਸਤਰੀ ਵਿੰਗ ਦੀ ਰਹੇਗੀ। ਸਿਖਲਾਈ ਕੈਂਪਾਂ ਬਾਰੇ ਵਧੇਰੇ ਜਾਣਕਾਰੀ ਲਈ ਰਸ਼ਪਿੰਦਰ ਕੌਰ ਗਿੱਲ ਜੀ ਨਾਲ +91-9888697078 -ਸੰਪਰਕ ਕੀਤਾ ਜਾ ਸਕਦਾ ਹੈ।–




## ਤਰਕਸ਼ੀਲ ਸੁਸਾਇਟੀ ਹੜ੍ਹ ਪੀੜ੍ਹਤ ਵਿਦਿਆਰਥੀਆਂ ਨੂੰ 10 ਲੱਖ ਰੁਪਏ ਦੀਆਂ ਸਟੇਸ਼ਨਰੀ ਕਿੱਟਾਂ ਦੇਵੇਗੀ

### ਸੱਤਵੀਂ ਚੇਤਨਾ ਪਰਖ਼ ਪ੍ਰੀਖਿਆ ਅਕਤੂਬਰ ਦੇ ਪਹਿਲੇ ਹਫਤੇ – ਤਰਕਸ਼ੀਲ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ



**ਸੰਗਰੂਰ 25 ਸਤੰਬਰ :** ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਸੰਗਰੂਰ ਦੀ ਇਕੱਤਰਤਾ ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਦੀ ਪ੍ਰਧਾਨਗੀ ਵਿੱਚ ਸਥਾਨਕ ਬੀਐਸਐਨਐਲ ਪਾਰਕ ਵਿਖੇ ਹੋਈ। ਮੀਟਿੰਗ ਵਿੱਚ ਦੱਸਿਆ ਗਿਆ ਕਿ ਸੂਬੇ ਕਮੇਟੀ ਨੇ ਹੜ੍ਹਾਂ ਕਾਰਨ ਮੁਲਤਵੀ ਕੀਤੀ ਸੱਤਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਅਕਤੂਬਰ ਦੇ ਪਹਿਲੇ ਹਫਤੇ ਕਰਵਾਉਣ ਦਾ ਫੈਸਲਾ ਕੀਤਾ ਹੈ।ਪੀਟੀਐਮ ਦੀ ਮਿਤੀ ਉਡੀਕ ਕੇ ਪ੍ਰੀਖਿਆ ਦੀ ਮਿਤੀਆਂ ਅਨਾਊਂਸ ਕਰ ਦਿਤੀਆਂ ਜਾਣਗੀਆਂ। ਮੀਟਿੰਗ ਵਿੱਚ ਦੱਸਿਆ ਗਿਆ ਕਿ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਨੂੰ ਮਿਲ ਕੇ ਜ਼ੋਰਦਾਰ ਮੰਗ ਕੀਤੀ ਜਾਵੇਗੀ ਕਿ ਹੜ੍ਹਾਂ ਦੌਰਾਨ ਵਿਦਿਆਰਥੀਆਂ,ਮਾਪਿਆਂ ਅਤੇ ਸਕੂਲਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਵਿਦਿਆਰਥੀਆਂ ਦੀ ਪ੍ਰੀਖਿਆ ਫੀਸ ਸਮੇਤ 2025-2026 ਦੇ ਪੂਰੇ ਸੈਸ਼ਨ ਦੀ ਫੀਸ ਮੁਆਫ਼ ਕੀਤੀ ਜਾਵੇ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਪਾਠ ਪੁਸਤਕਾਂ ਅਤੇ ਸਟੇਸ਼ਨਰੀ ਮੁੱਹਈਆ ਕਰਵਾਈ ਜਾਵੇ।ਇਸ ਸੰਬੰਧੀ ਜੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਦੱਸਿਆ ਕਿ ਇਸ ਸੰਬੰਧੀ ਤਰਕਸ਼ੀਲ ਸੁਸਾਇਟੀ ਦੇ ਵਫਦ ਵੱਲੋਂ ਬਹੁਤ ਜਲਦ ਸਿੱਖਿਆ ਬੋਰਡ ਦੇ ਚੇਅਰਮੈਨ ਨੂੰ ਮਿਲ ਕੇ ਮੰਗ ਪੱਤਰ ਸੌਂਪਿਆ ਜਾਵੇਗਾ।ਇਸਦੇ ਨਾਲ ਹੀ ਪੰਜਾਬ ਦੇ ਮੁੱਖ ਮੰਤਰੀ ਨੂੰ ਹੜ੍ਹਾਂ ਦੀ ਤਬਾਹੀ ਤੋਂ ਪ੍ਰਭਾਵਿਤ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਰਾਹੀਂ ਮੰਗ ਪੱਤਰ ਦੇ ਕੇ ਵਿਦਿਆਰਥੀਆਂ ਦੀਆਂ ਫੀਸਾਂ ਮੁਆਫ਼ ਕਰਨ ਅਤੇ ਵੱਡੇ ਪੱਧਰ ਤੇ ਹੋਏ ਜਾਨੀ ਅਤੇ ਮਾਲੀ ਨੁਕਸਾਨ ਤੋਂ ਪੀੜ੍ਹਤ ਖੇਤ ਮਜ਼ਦੂਰਾਂ,ਕਿਸਾਨਾਂ, ਦਲਿਤਾਂ, ਬੇਜ਼ਮੀਨਿਆਂ ਅਤੇ ਗਰੀਬ ਵਰਗਾਂ ਦੇ ਲੋਕਾਂ ਨੂੰ ਜਲਦ ਤੋਂ ਜਲਦ ਯੋਗ ਮੁਆਵਜ਼ਾ ਦੇਣ ਅਤੇ ਮੁੜ ਵਸੇਬਾ ਕਰਨ ਦੀ ਮੰਗ ਕੀਤੀ ਜਾਵੇਗੀ।

ਮੀਟਿੰਗ ਦੀ ਕਾਰਵਾਈ ਪ੍ਰੈਸ ਨਾਲ ਸਾਂਝੀ ਕਰਦਿਆਂ ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ ਗੁਰਦੀਪ ਸਿੰਘ ਤੇ ਪ੍ਰਗਟ ਸਿੰਘ ਬਾਲੀਆਂ ਨੇ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਵੱਲੋਂ ਸੂਬਾਈ ਪੱਧਰ ਤੇ ਇਕੱਠੀ ਕੀਤੀ ਜਾ ਰਹੀ ਵਿੱਤੀ ਸਹਾਇਤਾ ਨਾਲ ਪੰਜਾਬ ਦੇ ਵੱਖ ਵੱਖ ਇਲਾਕਿਆਂ ਦੇ ਹੜ੍ਹ ਪੀੜਤ ਵਿਦਿਆਰਥੀਆਂ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ 10 ਲੱਖ ਰੁਪਏ ਦੀਆਂ ਸਟੇਸ਼ਨਰੀ ਕਿੱਟਾਂ ਪ੍ਰਦਾਨ ਕੀਤੀਆਂ ਜਾਣਗੀਆਂ।

ਇਸ ਮੌਕੇ ਹੁਸ਼ਿਆਰਪੁਰ ਵਿਖੇ ਬੱਚੇ ਦੇ ਕਾਤਲ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਜ਼ੋਰਦਾਰ ਮੰਗ ਕਰਨ ਦੇ ਇਲਾਵਾ ਪੰਜਾਬ ਸਰਕਾਰ ਤੋਂ ਪ੍ਰਵਾਸੀ ਮਜ਼ਦੂਰਾਂ ਵਿਰੁੱਧ ਫਿਰਕੂ ਹਿੰਸਕ ਹਮਲਿਆਂ ਨੂੰ ਸਖਤੀ ਨਾਲ ਰੋਕਣ ਅਤੇ ਭਾਈਚਾਰਕ ਸਾਂਝ ਮਜ਼ਬੂਤ ਕਰਨ ਦੀ ਵੀ ਜ਼ੋਰਦਾਰ ਮੰਗ ਕੀਤੀ ਗਈ।

ਤਰਕਸ਼ੀਲ ਆਗੂਆਂ ਮਾਸਟਰ ਗੁਰਜੰਟ ਸਿੰਘ, ਜਸਦੇਵ ਸਿੰਘ, ਸੁਖਦੇਵ ਸਿੰਘ ਕਿਸ਼ਨਗੜ੍ਹ ,ਇਕਬਾਲ ਕੌਰ, ਪਰਮਜੀਤ ਕੌਰ ਨੇ ਵਿਚਾਰ ਵਟਾਂਦਰਾ ਕਰਦਿਆਂ ਦੱਸਿਆ ਕਿ ਆਪਣੇ ਕਾਡਰ ਨੂੰ ਹੋਰ ਵੱਧ ਸਰਗਰਮ ਕਰਨ ਹਿੱਤ ਜੋਨ ਪੱਧਰ ਤੇ ਬੌਧਿਕ ਵਿਚਾਰਧਾਰਕ ਸਿਖਲਾਈ ਵਰਕਸ਼ਾਪ ਲਗਾਉਣ ਅਤੇ ਤਰਕਸ਼ੀਲ਼ ਸਾਹਿਤ ਵੈਨ ਨੂੰ ਪੰਜਾਬ ਦੇ ਸਾਰੇ ਵਿਦਿਅਕ ਅਦਾਰਿਆਂ,ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਨਿਰਧਾਰਤ ਰੂਟ ਅਨੁਸਾਰ ਪ੍ਰਦਰਸ਼ਿਤ ਕਰਨ ਦਾ ਪ੍ਰੋਗਰਾਮ ਵੀ ਉਲੀਕਿਆ ਜਾਵੇਗਾ।

## ਸਰਕਾਰੀ ਆਈ ਟੀ ਆਈਜ ਠੇਕਾ ਮੁਲਾਜਮ ਯੂਨੀਅਨ ਪੰਜਾਬ ਵੱਲੋਂ ਆਮ ਆਦਮੀ ਪਾਰਟੀ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਹਲਕੇ ਸੁਨਾਮ ਵਿਖੇ ਤਿੱਖੇ ਸੰਘਰਸ਼ ਦਾ ਐਲਾਨ।

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ



**ਫਰੀਦਕੋਟ 25 ਸਤੰਬਰ :** ਅੱਜ ਸੂਬਾ ਕਮੇਟੀ ਮੈਂਬਰਾਂ ਦੀ ਮੀਟਿੰਗ ਹੋਈ ਜਿਸ ਵਿੱਚ ਸੂਬਾ ਕਮੇਟੀ ਮੈਂਬਰ ਸਹਿਬਾਨਾਂ ਨੇ ਸਰਬਸੰਮਤੀ ਨਾਲ ਇਹ ਫੈਸਲਾ ਕੀਤਾ ਗਿਆ ਹੈ ਸਰਕਾਰੀ ਆਈ ਟੀ ਆਈਜ ਠੇਕਾ ਮੁਲਾਜਮ ਯੂਨੀਅਨ ਪੰਜਾਬ ਦੇ ਬੈਨਰ ਹੇਠ ਆਮ ਆਦਮੀ ਪਾਰਟੀ ਪ੍ਰਧਾਨ, ਕੱਚਿਆਂ ਨੂੰ ਪੱਕਾ ਕਰਨ ਲਈ ਬਣਾਈ ਸਬ ਕਮੇਟੀ ਦੇ ਮੈਂਬਰ ਅਤੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੇ ਹਲਕੇ ਸੁਨਾਮ ਵਿਖੇ ਮਿਤੀ 05-10-25 ਨੂੰ ਧਰਨਾ ਦਿੱਤਾ ਜਾਵੇਗਾ।ਜਿਸ ਵਿੱਚ ਉਹਨਾਂ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ। ਸੂਬਾ ਕਮੇਟੀ/ ਮੈਂਬਰ ਸ਼੍ਰੀ ਰਾਜਨ ਕਪੂਰ ਫਰੀਦਕੋਟ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਅਸੀਂ ਪਿਛਲੇ 15-16 ਸਾਲਾ ਤੋਂ ਪੰਜਾਬ ਦੀਆਂ ਸਰਕਾਰੀ ਆਈ ਟੀ ਆਈਆਂ ਵਿੱਚ ਗਰੁੱਪ ਬੀ ਕਰਾਫਟ ਇੰਸਟਰਕਟਰ ਵਜੋਂ ਬਿਨਾਂ ਕਿਸੇ ਸਰਕਾਰੀ ਸਹੂਲਤਾਂ ਤੋਂ ਠੇਕੇ ਉੱਪਰ ਸਿਰਫ਼ 15000 ਪ੍ਰਤੀ ਮਹੀਨਾ ਉੱਪਰ ਆਪਣਾ ਸ਼ੋਸ਼ਣ ਕਰਵਾ ਰਹੇ ਹਾਂ। ਸਾਡੀ ਭਰਤੀ ਵਿਭਾਗ ਵੱਲੋਂ ਸਮੇਂ ਸਮੇਂ ਉੱਪਰ ਜਾਰੀ ਹਦਾਇਤਾਂ ਰਾਹੀਂ ਪਾਰਦਰਸ਼ੀ ਢੰਗ ਨਾਲ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ, ਰੋਜ਼ਗਾਰ ਦਫ਼ਤਰਾਂ ਰਾਹੀਂ ਕੀਤੀ ਗਈ ਹੈ। ਅਸੀਂ ਡੀ ਜੀ ਟੀ ਭਾਰਤ ਸਰਕਾਰ ਵੱਲੋਂ ਮੰਗੀਆਂ ਜਾਂਦੀਆਂ ਸਾਰੀਆਂ ਵਿੱਦਿਅਕ ਯੋਗਤਾਵਾਂ ਪੂਰੀਆਂ ਕਰਦੇ ਹਾਂ। ਪ੍ਰੰਤੂ ਫਿਰ ਵੀ ਸਾਡੇ ਨਾਲ ਪੰਜਾਬ ਸਰਕਾਰ ਸ਼ਰੈਆਮ ਧੱਕਾ ਕਰ ਰਹੀ ਹੈ। ਅਸੀਂ ਆਮ ਆਦਮੀ ਪਾਰਟੀ ਦੀ ਸਰਕਾਰ ਲਿਆਉਣ ਲਈ ਬਹੁਤ ਮਿਹਨਤ ਕੀਤੀ ਸੀ ਕਿ ਸ਼ਾਇਦ ਇਹ ਪਾਰਟੀ ਸਾਡੀਆਂ ਮੰਗਾਂ ਪੂਰੀਆਂ ਕਰੇਗੀ ਪ੍ਰੰਤੂ ਇਹ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਂਗ ਹੀ ਨਿਕਲੀ। ਅਸੀਂ ਇਸ ਸਰਕਾਰ ਵਿੱਚ ਪਿਛਲੇ 3 ਸਾਲਾਂ ਤੋਂ ਕੋਸ਼ਿਸ਼ ਕਰ ਰਹੇ ਹਾਂ ਕਿ ਗੱਲਬਾਤ ਰਾਹੀਂ ਕੋਈ ਹੱਲ ਨਿਕਲੇ ਇਸੇ ਦੇ ਚੱਲਦਿਆਂ ਬਹੁਤ ਵਾਰ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ,ਵਿੱਤ ਮੰਤਰੀ ਹਰਪਾਲ ਚੀਮਾਂ, ਕੈਬਨਿਟ ਮੰਤਰੀ ਅਮਨ ਅਰੋੜਾ ਜੀ ਅਤੇ ਹੋਰ ਕੈਬਨਿਟ ਮੰਤਰੀਆਂ ਨੂੰ ਮਿਲ ਚੁੱਕੇ ਹਾਂ ਪ੍ਰੰਤੂ ਇਹਨਾਂ ਵਿੱਚੋਂ ਕਿਸੇ ਨੇ ਵੀ ਸਾਡੀ ਗੱਲ ਉੱਪਰ ਗੌਰ ਨਹੀਂ ਕੀਤੀ। ਇਸਤੋਂ ਇਲਾਵਾ ਆਮ ਲੋਕਾਂ ਦੇ ਮੁੱਖ ਮੰਤਰੀ ਕਹਾਉਣ ਵਾਲੇ ਭਗਵੰਤ ਮਾਨ ਦੀ ਸਰਕਾਰੀ ਕੋਠੀ ਦੇ 50-60 ਚੱਕਰ ਲਗਾ ਚੁੱਕੇ ਹਾਂ ਪ੍ਰੰਤੂ ਉਹਨਾਂ ਵੱਲੋਂ ਅੱਜ ਤੱਕ ਇੱਕ ਮਿੰਟ ਦਾ ਵੀ ਸਮਾਂ ਨਹੀਂ ਦਿੱਤਾ ਗਿਆ। ਹੁਣ ਜੱਥੇਬੰਦੀ ਨੇ ਮਜਬੂਰ ਹੋ ਕੇ ਪੰਜਾਬ ਸਰਕਾਰ ਵਿਰੁੱਧ ਖੁੱਲ ਕੇ ਸੰਘਰਸ਼ ਕਰਨ ਦਾ ਐਲਾਨ ਕੀਤਾ ਹੈ। ਇਸੇ ਦੇ ਚੱਲਦਿਆਂ ਸੰਘਰਸ਼ ਦੀ ਸ਼ੁਰੂਆਤ ਪਾਰਟੀ ਪ੍ਰਧਾਨ ਅਮਨ ਅਰੋੜਾ ਦੇ ਹਲਕੇ ਸੁਨਾਮ ਤੋਂ ਮਿਤੀ 05-10-25 ਨੂੰ ਧਰਨਾ ਦੇ ਕੇ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਜੇਕਰ ਸਰਕਾਰ ਉਹਨਾਂ ਦੀਆਂ ਮੰਗਾਂ ਉੱਪਰ ਧਿਆਨ ਨਹੀਂ ਦੇਵੇਗੀ ਤਾਂ ਆਉਣ ਵਾਲੇ ਦਿਨਾਂ ਵਿੱਚ ਬਾਕੀ ਕੈਬਨਿਟ ਮੰਤਰੀਆਂ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ ਅਤੇ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਵੀ ਕੀਤਾ ਜਾਵੇਗਾ। ਜੇਕਰ ਜ਼ਰੂਰਤ ਪੈਂਦੀ ਹੈ ਤਾਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਘਰ ਦਿੱਲ੍ਹੀ ਜਾਣਾ ਪਿਆ ਤਾਂ ਜਰੂਰ ਜਾਵਾਂਗੇ। *ਮੁੱਖ ਮੰਗ* 1. ਪੰਜਾਬ ਸਰਕਾਰ ਸਰਕਾਰੀ ਆਈ ਟੀ ਆਈਆਂ ਵਿੱਚ ਕੰਮ ਕਰ ਰਹੇ ਸਾਰੇ ਕਰਾਫਟ ਇੰਸਟਰਕਟਰਾਂ ਨੂੰ ਵਿਭਾਗ ਅਧੀਨ ਲੈ ਕੇ ਬੇਸਿਕ ਤਨਖ਼ਾਹ 35400 ਦੇ ਨਾਲ 3 ਪ੍ਰਤੀਸ਼ਤ ਸਲਾਨਾ ਇੰਕਰੀਮੈਂਟ ਨਾਲ 58 ਸਾਲ ਦੀ ਉਮਰ ਤੱਕ ਸੇਵਾ ਸੁਰੱਖਿਆ ਦੇਣੀ ਯਕੀਨੀ ਬਣਾਈ ਜਾਵੇ।

## ਨਾਮਵਰ ਗ਼ਜ਼ਲਕਾਰ ਮੁਹੰਮਦ ਅਸ਼ਰਫ਼ ਨਾਲ ਸਾਹਿਤਕ ਮਿਲਣੀ 28 ਸਤੰਬਰ ਨੂੰ

### ਰਜਿੰਦਰ ਸਿੰਘ ਰਾਜਨ ਦਾ ਬਾਲ ਕਹਾਣੀ-ਸੰਗ੍ਰਹਿ 'ਏਕਮ' ਹੋਵੇਗਾ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼




**ਸੰਗਰੂਰ, 25 ਸਤੰਬਰ :** ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ 28 ਸਤੰਬਰ ਦਿਨ ਐਤਵਾਰ ਨੂੰ ਸਵੇਰੇ ਸਹੀ 10:00 ਵਜੇ ਲੇਖਕ ਭਵਨ ਸੰਗਰੂਰ ਵਿਖੇ ਉਰਦੂ ਦੇ ਨਾਮਵਰ ਗ਼ਜ਼ਲਕਾਰ ਮੁਹੰਮਦ ਅਸ਼ਰਫ਼ ਨਾਲ ਸਾਹਿਤਕ ਮਿਲਣੀ ਰੱਖੀ ਗਈ ਹੈ। ਉਹ ਸਰਕਾਰੀ ਕਾਲਜ ਮਾਲੇਰਕੋਟਲਾ ਵਿਖੇ ਉਰਦੂ ਵਿਭਾਗ ਦੇ ਮੁਖੀ ਹਨ ਅਤੇ ਉਨ੍ਹਾਂ ਦੀ ਕਲਮ ਤੋਂ ਤਿੰਨ ਮੌਲਿਕ, ਨੌਂ ਅਨੁਵਾਦਿਤ ਤੇ ਸੰਪਾਦਿਤ, ਪੰਜ ਲਿੱਪੀਅੰਤਰ ਤੇ ਸੰਪਾਦਿਤ ਅਤੇ ਤਿੰਨ ਸੰਪਾਦਿਤ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਸਭਾ ਦੇ ਪ੍ਰੈਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਇਸ ਸਮਾਗਮ ਵਿੱਚ ਜੁਝਾਰੂ ਲੇਖਕ ਰਜਿੰਦਰ ਸਿੰਘ ਰਾਜਨ ਦਾ ਬਾਲ ਕਹਾਣੀ-ਸੰਗ੍ਰਹਿ 'ਏਕਮ' ਲੋਕ ਅਰਪਣ ਕੀਤਾ ਜਾਵੇਗਾ, ਜਿਨ੍ਹਾਂ ਦੇ ਹੁਣ ਤੱਕ ਤਿੰਨ ਕਾਵਿ-ਸੰਗ੍ਰਹਿ, ਤਿੰਨ ਬਾਲ ਸਾਹਿਤ ਦੀਆਂ ਪੁਸਤਕਾਂ ਅਤੇ ਦੋ ਸੰਪਾਦਿਤ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਸਮਾਗਮ ਦੀ ਪ੍ਰਧਾਨਗੀ ਡਾ. ਮੀਤ ਖਟੜਾ ਕਰਨਗੇ ਅਤੇ ਮੁੱਖ ਮਹਿਮਾਨ ਵਜੋਂ ਨਾਵਲਕਾਰ ਸੁਖਵਿੰਦਰ ਸਿੰਘ ਬਾਲੀਆਂ ਸ਼ਾਮਲ ਹੋਣਗੇ। ਇਸ ਮੌਕੇ ਕਵੀ ਦਰਬਾਰ ਵੀ ਹੋਵੇਗਾ।

## ਸਰੋਤਿਆਂ ਲਈ ਰੂਹ ਦੀ ਖ਼ੁਰਾਕ ਬਣਦਾ ਜਾ ਰਿਹਾ ਮਾਨਸਰੋਵਰ ਸਾਹਿਤ ਅਕਾਦਮੀ ਵੱਲੋਂ ਕਰਵਾਇਆ ਜਾਂਦਾ ਲਾਇਵ ਪ੍ਰੋਗਰਾਮ – ਸੂਦ ਵਿਰਕ

ਵਰਲਡ ਪੰਜਾਬੀ ਟਾਈਮਜ਼
ਅਸ਼ੋਕ ਸ਼ਰਮਾ




**ਫ਼ਗਵਾੜਾ 25 ਸਤੰਬਰ :** ਪੰਜਾਬੀ ਭਾਸ਼ਾ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਮਿਤੀ 23 ਸਤੰਬਰ 2025 ਦਿਨ ਮੰਗਲਵਾਰ ਨੂੰ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਕਵੀ ਹਰਪਾਲ ਸਿੰਘ ਮਨੇਸ, ਸੀਮਾ ਕਲਿਆਣ ਲੁਧਿਆਣਾ, ਦੀਪ ਕੌਰ ਸੰਧਾ, ਲਾਡੀ ਸੁਖਜਿੰਦਰ ਕੌਰ ਭੁੱਲਰ, ਕੁਲਵੰਤ ਸਿੰਘ ਸੈਦੋਕੇ ਸ਼ਾਮਿਲ ਹੋਏ। ਪ੍ਰੋਗਰਾਮ ਦਾ ਆਗਾਜ਼ ਸੰਚਾਲਕ ਮਹਿੰਦਰ ਸੂਦ ਵਿਰਕ ਨੇ ਸ਼ਾਨਦਾਰ ਅੰਦਾਜ਼ ਵਿੱਚ ਕੀਤਾ। ਫਿਰ ਹਰਪਾਲ ਸਿੰਘ ਮਨੇਸ ਅਤੇ ਸੀਮਾ ਕਲਿਆਣ ਨੇ ਕਵਿਤਾਵਾਂ ਸੁਣਾ ਕੇ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਕੁਲਵੰਤ ਸਿੰਘ ਸੈਦੋਕੇ ਅਤੇ ਦੀਪ ਕੌਰ ਸੰਧਾ ਨੇ ਸੇਧ ਵਰਧਕ ਕਵਿਤਾਵਾਂ ਪੇਸ਼ ਕੀਤੀਆਂ। ਲਾਡੀ ਸੁਖਜਿੰਦਰ ਕੌਰ ਭੁੱਲਰ ਨੇ ਵੀ ਕਵਿਤਾਵਾਂ ਨਾਲ ਖੂਬ ਸਮਾਂ ਬੰਨ੍ਹਿਆ। ਪ੍ਰੋਗਰਾਮ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਅਤੇ ਸੰਸਥਾਪਕ ਮਾਨ ਸਿੰਘ ਸੁਥਾਰ ਤੇ ਚੇਅਰਮੈਨ ਮੈਡਮ ਸੀਯਾ ਭਾਰਤੀ ਜੀ ਨੇ ਕਵੀ ਦਰਬਾਰ ਵਿੱਚ ਸ਼ਾਮਿਲ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ। ਅਖੀਰ ਸੰਚਾਲਕ ਸੂਦ ਵਿਰਕ ਨੇ ਕਿਹਾ ਕਿ ਚੰਗੇ ਕਲਮਕਾਰ ਇੱਕ ਸਿਹਤਮੰਦ ਅਤੇ ਚੰਗੇ ਸਮਾਜ ਦੇ ਸਿਰਜਨਹਾਰ ਹੁੰਦੇ ਹਨ।

## ਭਗਤ ਸਿੰਘ ਸਰਦਾਰ ਸੂਰਮਾ....



ਵਰਲਡ ਪੰਜਾਬੀ ਟਾਈਮਜ਼
ਸ.ਧਰਮਿੰਦਰ ਸਿੰਘ

ਭਗਤ ਸਿੰਘ ਸਰਦਾਰ ਸੂਰਮਾ
ਸ਼ਹੀਦ ਏ ਆਜ਼ਮ ਅਖਵਾਉਂਦਾ ਏ।

ਬੰਦੂਕਾਂ ਬੀਜਣ ਦਾ ਰੱਖਿਆ ਜਿਗਰਾ
ਫਿਰੰਗੀਆਂ ਨੂੰ ਜੜ੍ਹੋਂ ਮੁਕਾਉਣ ਲਈ,

ਸਭ ਕੁਝ ਵਾਰਿਆ ਕੌਮ ਦੀ ਖਾਤਰ
ਵਤਨ ਨੂੰ ਆਜ਼ਾਦ ਕਰਵਾਉਣ ਲਈ।

ਸਾਂਡਰਸ ਨੂੰ ਸੀ ਮਾਰ ਮੁਕਾਇਆ
ਜੋ ਸੀ ਫਿਰਦਾ ਵਿੱਚ ਹੰਕਾਰ,

ਇਨਕਲਾਬ ਦਾ ਦਿੱਤਾ ਨਾਅਰਾ
ਕੌਮ ਤੋਂ ਦਿੱਤਾ ਸਭ ਕੁਝ ਵਾਰ।

ਅਸੈਂਬਲੀ ਦੇ ਵਿੱਚ ਬੰਬ ਸੁੱਟ ਕੇ
ਗੋਰਿਆਂ ਦੇ ਕੰਨ ਦਿੱਤੇ ਖੋਲ,

ਹਿੰਦੁਸਤਾਨ ਨੂੰ ਮਿਲੂ ਆਜ਼ਾਦੀ
ਆ ਜਾਣੀ ਹਕੂਮਤ ਸਾਡੇ ਕੋਲ।

ਫਾਂਸੀ ਦਾ ਰੱਸਾ ਚੁੰਮ ਕੇ
ਗਲ਼ ਦੇ ਵਿੱਚ ਪਾਉਂਦਾ ਏ,

ਜਿਸ ਰਸਤੇ ਤੇ ਤੂੰ ਸੀ ਚੱਲਿਆ
ਕੋਈ ਵਿਰਲਾ ਹੀ ਚੱਲ ਪਾਉਂਦਾ ਏ।

ਧਰਮਿੰਦਰ ਨੇ ਇਤਿਹਾਸ ਜੋ ਪੜ੍ਹਿਆ
ਸਭ ਨੂੰ ਆਖ ਸੁਣਾਉਂਦਾ ਏ,

ਭਗਤ ਸਿੰਘ ਸਰਦਾਰ ਸੂਰਮਾ
ਸ਼ਹੀਦ ਏ ਆਜ਼ਮ ਅਖਵਾਉਂਦਾ ਏ।

## ਤੇਰੀ ਸ਼ਾਨ ਮਾਲਕਾ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਕੁੱਲ ਦੁਨੀਆਂ 'ਚ, ਤੂੰ ਹੀ ਹੈਂ ਮਹਾਨ ਮਾਲਕਾ!
ਸਾਰੇ ਜੱਗ ਵਿੱਚ ਉੱਚੀ, ਤੇਰੀ ਸ਼ਾਨ ਮਾਲਕਾ!

ਭਾਵੇਂ ਦੁਨੀਆਂ 'ਚ ਵੱਖ ਵੱਖ, ਲੋਕ ਰਹਿੰਦੇ ਨੇ।
ਆਪੋ-ਆਪਣੀ ਬੋਲੀ 'ਚ, ਤੇਰਾ ਨਾਮ ਲੈਂਦੇ ਨੇ।
ਹਰ ਪ੍ਰਾਣੀ ਵਿੱਚ ਵੱਸੇ, ਤੇਰੀ ਜਾਨ ਮਾਲਕਾ!


ਕੋਈ ਪਤਾ ਨਹੀਂ ਕਿੱਥੇ, ਤੇਰਾ ਘਰ-ਬਾਰ ਹੈ।
ਹਰ ਜੀਉ-ਜੰਤ ਤੇਰਾ, ਤੇਰਾ ਹੀ ਸੰਸਾਰ ਹੈ।
ਹਰ ਜ਼ੱਰਾ-ਜ਼ੱਰਾ, ਤੇਰਾ ਹੀ ਸਥਾਨ ਮਾਲਕਾ!

ਤੇਰੀ ਪੂਜਾ ਲਈ ਲੋਕਾਂ, ਕਿੰਨੇ ਥਾਂਵ ਨੇ ਬਣਾਏ।
ਕੋਈ ਕਰਦੈ ਡੰਡਾਉਤ, ਕੋਈ ਤੀਰਥਾਂ ਤੇ ਨ੍ਹਾਏ।
ਕਈ ਕਰਦੇ ਨੇ ਸੇਵਾ, ਪੁੰਨ, ਦਾਨ ਮਾਲਕਾ!

ਤੇਰੀ ਮਰਜ਼ੀ ਹੈ ਕਿਸੇ ਨੂੰ, ਤੂੰ ਦੇਵੇਂ ਵਡਿਆਈ।
ਤੇਰੇ ਮਨ ਵਿੱਚ ਆਵੇ, ਖੁੱਸ ਲਵੇਂ ਚੰਗਿਆਈ।
ਜੇ ਤੂੰ ਚਾਹੇਂ ਤਾਂ ਹੀ ਮਿਲੇ, ਸਨਮਾਨ ਮਾਲਕਾ!

ਬਹੁਤੇ ਰਾਜੇ-ਮਹਾਰਾਜੇ, ਵਿਖਲਾਉਂਦੇ ਸ਼ਕਤੀ।
ਕੁਝ ਗੁਰੂ-ਪੀਰ ਕਰਦੇ ਨੇ, ਏਥੇ ਭਗਤੀ।
ਤੇਰੇ ਤੁੱਲ ਨਹੀਂ ਕੋਈ, ਬਲਵਾਨ ਮਾਲਕਾ!

## ਧਰਮ ਦੀ ਸ਼ਰਨ ਆਉਣਾ ਕੀ ਹੈ?



ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਧਰਮ ਦੀ ਖੋਜ ਨਾਲ ਨਿਰਾਸ
ਇਨਸਾਨ ਵਾਸਤੇ ਖ਼ਤਰਿਆਂ ਤੋਂ ਬਚ ਕੇ ਪਰਮ ਸੁਖੀ ਜੀਵਨ
ਬਤੀਤ ਕਰਨ ਦਾ ਉਪਰਾਲਾ
ਕਾਮਯਾਬ ਹੋਇਆ ਹੈ ਕਿ ਨਹੀਂ?
ਉਹ ਲੋਕ ਤਾਂ ਹਾਂ ਦੀ ਸ਼ਕਲ
ਵਿਚ ਜਵਾਬ ਦੇਂਦੇ ਚਲੇ ਆਏ ਹਨ।
ਜਿਨ੍ਹਾਂ ਧਰਮ ਦੀ ਸਚੇ ਅਰਥਾਂ
ਵਿਚ ਸ਼ਰਨ ਪਕੜੀ ਹੈ।
ਇਹ ਆਪਣੇ ਕਰਤਾਰ ਨਾਲ ਵਾਕਫ਼ੀ ਪੈਦਾ ਕਰਨਾ।
ਉਸ ਨਾਲ ਪਿਆਰ ਪਾਉਣਾ।
ਉਸ ਨੂੰ ਸਮਝਣਾ

ਉਸ ਨੂੰ ਆਪਣਾਂ ਮਿਤਰ ਬਨਾਉਣਾ।
ਉਸ ਦੀਆਂ ਬੇਅੰਤ ਤਾਕਤਾਂ ਨੂੰ।
ਆਪਣੇ ਤੇ ਦੁਨੀਆਂ ਦੇ ਭਲੇ
ਵਾਸਤੇ ਵਰਤਣਾ ਹੈ।
ਕਰਤਾਰ ਦੀ ਸ਼ਕਨ ਆਉਣ ਵਾਲੇ ਮਨੁੱਖ ਨੂੰ ਤੱਤੀ ਵਾਉ ਨਹੀਂ ਲਗ ਸਕਦੀ।

## ਡਰੀਮਲੈਂਡ ਸਕੂਲ ਕੋਟਕਪੂਰਾ ਦੀਆਂ ਲੜਕੀਆਂ ਨੇ ਜ਼ਿਲ੍ਹਾ ਪੱਧਰ 'ਤੇ 36 ਸੋਨੇ ਅਤੇ 14 ਚਾਂਦੀ ਦੇ ਤਗਮੇ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 25 ਸਤੰਬਰ : ਸਥਾਨਕ ਡਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਬਹੁਤ ਹੀ ਮਿਹਨਤੀ ਕੋਚ ਹਰਵਿੰਦਰ ਸਿੰਘ ਅਤੇ ਰਾਜਪ੍ਰੀਤ ਸਿੰਘ ਦੀ ਅਗਵਾਈ ਹੇਠ ਸਕੂਲ ਦੀਆਂ ਲੜਕੀਆਂ ਨੇ ਸਤਰੰਜ਼, ਜੂਡੋ, ਬੈਡਮਿੰਟਨ, ਕੁਰਾਸ਼, ਸਕੇਟਿੰਗ, ਗੱਤਕਾ, ਕਿੱਕ ਬਾਕਸਿੰਗ, ਕਰਾਟੇ ਅਤੇ ਤਾਈਕਵਾਂਡੋਂ ਦੇ ਮੁਕਾਬਲਿਆਂ ਵਿੱਚ ਸ਼ਾਨਦਾਰ ਪੁਜੀਸ਼ਨਾਂ ਹਾਸਿਲ ਕੀਤੀਆਂ। ਸਕੂਲ ਦੇ ਚੇਅਰਮੈਨ ਪ੍ਰਕਾਸ਼ ਚੰਦ ਸ਼ਰਮਾ ਨੇ ਦੱਸਿਆ ਕਿ ਜੂਡੋ ਦੇ ਮੁਕਾਬਲਿਆਂ ਵਿੱਚ ਅੰਡਰ-14 ਵਿੱਚ ਖੋਜਦੀਪ ਕੌਰ ਅਤੇ ਅਰੂਸ਼ੀ ਨੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਅਤੇ ਗੋਲਡ ਮੈਡਲ ਜਿੱਤੇ। ਪ੍ਰਨੀਤ ਕੌਰ, ਮਨਸੁੱਖ ਕੌਰ, ਏਕਮਜੋਤ ਕੌਰ ਅਤੇ ਭਾਵਿਕਾ ਨੇ ਜ਼ਿਲ੍ਹੇ ਵਿੱਚੋਂ ਦੂਜਾ, ਸਿਲਵਰ ਮੈਡਲ ਜਿੱਤੇ। ਅੰਡਰ-17 ਵਿੱਚ ਸੁਹਾਨੀ ਅਤੇ ਰਵਨੀਸ਼ ਕੌਰ ਨੇ ਗੋਲਡ ਮੈਡਲ ਨਾਲ ਜ਼ਿਲ੍ਹੇ ਵਿੱਚ ਪਹਿਲਾ, ਸਿਮਰਨ, ਵਰਲੀਨ ਕੌਰ ਅਤੇ ਕਮਲਪ੍ਰੀਤ ਕੌਰ ਨੇ ਸਿਲਵਰ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਦੂਜਾ, ਅੰਡਰ-19 ਵਿੱਚ ਮਨਪ੍ਰੀਤ ਕੌਰ, ਗੁਰਲੀਨ ਕੌਰ ਨੇ ਗੋਲਡ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਪਹਿਲਾ ਅੰਸ਼ਿਕਾ ਸ਼ਰਮਾ ਨੇ ਸਿਲਵਰ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਦੂਜਾ, ਬੈਡਮਿੰਟਨ ਦੇ



ਮੁਕਾਬਲਿਆਂ ਵਿੱਚ ਅੰਡਰ-14 ਵਿੱਚ ਸ੍ਰਿਸਟੀ ਜੋਸ਼ੀ ਨੇ ਬਰਾਊਜ਼ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਤੀਜਾ, ਸਤਰੰਜ਼ ਮੁਕਾਬਲਿਆਂ ਵਿੱਚ ਸਿਮਰਨ, ਖੁਸ਼ਪ੍ਰੀਤ ਕੌਰ, ਮਨੀਸ਼ਾ ਅਤੇ ਪ੍ਰਭਜੋਤ ਕੌਰ ਨੇ ਬਰਾਊਜ਼ ਮੈਡਲ, ਕੁਰਾਸ਼ ਮੁਕਾਬਲਿਆਂ ਵਿੱਚ ਅੰਡਰ-14 ਵਿੱਚੋਂ ਤਨਿਸ਼ਕਾ, ਅਰਪਨਪ੍ਰੀਤ ਕੌਰ, ਰਾਜਦੀਪ ਕੌਰ ਅਤੇ ਸਿਮਰਨ ਨੇ ਗੋਲਡ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਪਹਿਲਾ, ਅੰਡਰ-17 ਵਿੱਚ ਤਮੰਨਾ, ਸੁਹਾਨੀ, ਰਵਨੀਸ਼ ਕੌਰ ਅਤੇ ਕਮਲਪ੍ਰੀਤ ਕੌਰ ਨੇ ਗੋਲਡ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਪਹਿਲਾ, ਕਮਲਦੀਪ ਕੌਰ ਨੇ ਸਿਲਵਰ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਦੂਜਾ, ਸਕੇਟਿੰਗ ਦੇ ਮੁਕਾਬਲਿਆਂ ਵਿੱਚ ਪ੍ਰਭਮੀਤ ਕੌਰ ਰਨੌਤਾ ਨੇ ਗੋਲਡ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਪਹਿਲਾ, ਗੱਤਕਾ ਮੁਕਾਬਲਿਆਂ ਵਿੱਚ ਅੰਡਰ-14 ਏਕਮਜੋਤ ਕੌਰ, ਅਰਪਨਪ੍ਰੀਤ ਕੌਰ ਅਤੇ ਖੋਜਦੀਪ ਕੌਰ ਨੇ ਗੋਲਡ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਪਹਿਲਾ, ਅੰਡਰ-19 ਵਿੱਚ ਖੋਜਦੀਪ ਕੌਰ ਅਤੇ ਪਵਨਦੀਪ ਕੌਰ ਨੇ ਗੋਲਡ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਪਹਿਲਾ, ਕਿੱਕ ਬਾਕਸਿੰਗ ਦੇ ਮੁਕਾਬਲਿਆਂ ਵਿੱਚ ਅੰਡਰ-14 ਵਿੱਚ ਗੁਰਸੀਰਤ ਕੌਰ ਨੇ ਗੋਲਡ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਪਹਿਲਾ, ਵੈਸ਼ਨਵੀ ਨੇ ਸਿਲਵਰ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਦੂਜਾ, ਰਮਨਦੀਪ ਕੌਰ ਨੇ ਬਰਾਊਜ਼ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਤੀਜਾ, ਅੰਡਰ-17 ਵਿੱਚ ਜਸਵੀਰ ਕੌਰ, ਬਲਜੀਤ ਕੌਰ ਅਤੇ ਨਵਨੀਤ ਕੌਰ ਨੇ ਗੋਲਡ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਪਹਿਲਾ, ਤਾਨੀਆ ਨੇ ਸਿਲਵਰ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਦੂਜਾ, ਕਰਾਟੇ ਦੇ ਮੁਕਾਬਲਿਆਂ ਵਿੱਚ ਅੰਡਰ-14 ਗੁਰਲੀਨ ਕੌਰ ਨੇ ਬਰਾਊਜ਼ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਤੀਜਾ, ਅੰਡਰ-17 ਵਿੱਚੋਂ ਦਿਵਿਆਂਸ਼ੀ ਨੇ ਸਿਲਵਰ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਦੂਜਾ ਅਤੇ ਅਮਨਦੀਪ ਕੌਰ ਨੇ ਬਰਾਊਜ਼ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਤੀਜਾ, ਤਾਈਕਵਾਂਡੋਂ ਦੇ ਮੁਕਾਬਲਿਆਂ ਵਿੱਚ ਅੰਡਰ-14 ਵਿੱਚੋਂ ਰਚਨਾ ਕੁਮਾਰੀ ਅਤੇ ਇਸ਼ਾ ਨੇ ਗੋਲਡ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਪਹਿਲਾ, ਅੰਡਰ-17 ਵਿੱਚੋਂ ਯੋਗਤਾ ਅਤੇ ਬਲਜੀਤ ਕੌਰ ਨੇ ਗੋਲਡ ਮੈਡਲ ਨਾਲ ਜ਼ਿਲ੍ਹੇ ਵਿੱਚੋਂ ਪਹਿਲਾ, ਨਿਸ਼ੂ ਕੌਰ ਅਤੇ ਅਰਸ਼ਦੀਪ ਕੌਰ ਨੇ ਜ਼ਿਲ੍ਹੇ ਵਿੱਚੋਂ ਦੂਜਾ ਸਥਾਨ ਹਾਸਲ ਕਰਕੇ ਸਿਲਵਰ ਮੈਡਲ ਜਿੱਤੇ। ਪ੍ਰਿੰਸੀਪਲ ਰਾਕੇਸ਼ ਸ਼ਰਮਾ ਨੇ ਖਿਡਾਰਣਾਂ ਨੂੰ ਆਸ਼ੀਰਵਾਦ ਦਿੰਦਿਆਂ ਕਿਹਾ ਕਿ ਖਿਡਾਰਣਾਂ ਦੀ ਇਹ ਪ੍ਰਾਪਤੀ ਉਹਨਾਂ ਦੀ ਮਿਹਨਤ ਅਤੇ ਕੋਚ ਸਾਹਿਬਾਨਾਂ ਦੀ ਪ੍ਰੇਰਨਾ ਦਾ ਨਤੀਜਾ ਹੈ। ਉਹਨਾਂ ਖਿਡਾਰਣਾਂ ਨੂੰ ਸਖਤ ਮਿਹਨਤ ਕਰਕੇ ਸਟੇਟ ਪੱਧਰ 'ਤੇ ਵੀ ਸ਼ਾਨਦਾਰ ਪੁਜੀਸ਼ਨਾਂ ਹਾਸਿਲ ਕਰਨ ਦੀ ਪ੍ਰੇਰਨਾ ਦਿੱਤੀ।

## ਕੈਸ਼ਲੈਸ ਸਕੀਮ ਦੇ ਨਿਯਮ ਸਰਲ ਬਣਾਏ ਜਾਣ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ: 25 ਸਤੰਬਰ : ਪੰਜਾਬ ਸਰਕਾਰ ਨੂੰ ਸੇਵਾ ਮੁਕਤ ਪੈਨਸ਼ਨਰਾਂ ਲਈ ਕੈਸ਼ਲੈਸ ਸਿਹਤ ਸਕੀਮ ਦੇ ਨਿਯਮ ਸਰਲ ਬਣਾਉਣੇ ਚਾਹੀਦੇ ਹਨ, ਕਿਉਂਕਿ ਵਡੇਰੀ ਉਮਰ ਵਿੱਚ ਬਿਮਾਰੀਆਂ ਦੇ ਇਲਾਜ਼ ਦੀ ਜ਼ਿਆਦਾ ਜ਼ਰੂਰਤ ਪੈਂਦੀ ਹੈ, ਇਸ ਗੱਲ ਦਾ



ਪ੍ਰਗਟਾਵਾ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਪਟਿਆਲਾ ਦੇ ਸੇਵਾ ਮੁਕਤ ਮੁਲਾਜ਼ਮਾ ਦੀ 'ਪਟਿਆਲਾ ਮੀਡੀਆ ਕਲੱਬ' ਵਿਖੇ ਆਯੋਜਤ ਮਾਸਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜੀ ਆਰ ਕੁਮਰਾ ਨੇ ਕੀਤਾ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਜਦੋਜਹਿਦ ਅਤੇ ਨੌਕਰੀ ਦੇ ਦਿਲਚਸਪ ਤਜ਼ਰਬੇ ਸਾਂਝੇ ਕੀਤੇ। ਮੀਟਿੰਗ ਪੰਜਾਬ ਸਰਕਾਰ ਵੱਲੋਂ 10 ਲੱਖ ਰੁਪਏ ਤੱਕ ਦੇ ਕੈਸ਼ਲੈਸ ਇਲਾਜ਼ ਕਰਵਾਉਣ ਦੇ ਐਲਾਨ ਦਾ ਸਵਾਗਤ ਕੀਤਾ, ਪ੍ਰੰਤੂ ਸਰਕਾਰ ਨੂੰ ਇਸ ਦੇ ਨਿਯਮ ਸਰਲ ਬਣਾਉਣੇ ਚਾਹੀਦੇ ਹਨ। ਪੈਨਸ਼ਨਰਾਂ ਦੇ ਬਕਾਇਆ ਹਾਈ ਕੋਰਟ ਦੇ ਫ਼ੈਸਲੇ ਅਨੁਸਾਰ ਸਮਾਂ ਬੱਧ ਕਰਕੇ ਦਿੱਤੇ ਜਾਣੇ ਚਾਹੀਦੇ ਹਨ। ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਹੜ੍ਹਾਂ ਤੋਂ ਪ੍ਰਭਾਵਤ ਕਿਸਾਨਾ ਅਤੇ ਹੋਰ ਲੋਕਾਂ ਦੀ ਆਰਥਿਕ ਮਦਦ ਲਈ ਵੱਧ ਤੋਂ ਵੱਧ ਹਿੱਸਾ ਪਾਇਆ ਜਾਵੇ। ਹੜ੍ਹਾਂ ਦੇ ਹੋਏ ਨੁਕਸਾਨ ਨੂੰ ਮੁੱਖ ਰੱਖਦਿਆਂ ਪੰਜਾਬੀਆਂ ਨੂੰ ਦੁਸਹਿਰਾ ਅਤੇ ਦੀਵਾਲੀ ਦੇ ਮੌਕੇ 'ਤੇ ਪਟਾਕੇ ਆਦਿ ਨਹ ੀ ਚਲਾਉਣੇ ਚਾਹੀਦੇ। ਵਾਤਾਵਰਨ ਨੂੰ ਸਾਫ਼ ਸੁਥਰਾ ਰੱਖਣ ਲਈ ਕਿਸਾਨਾ ਨੂੰ ਅਪੀਲ ਕੀਤੀ ਗਈ ਕਿ ਜੀਰੀ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਈ ਜਾਵੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੁਰਜੀਤ ਸਿੰਘ ਸੈਣੀ ਪ੍ਰਧਾਨ ਜਿਲ੍ਹਾ ਲੋਕ ਸੰਪਰਕ ਵਿਭਾਗ ਦੇ ਸੇਵਾ ਮੁਕਤ ਮੁਲਜ਼ਮਾ ਦੀ ਵੈਲਫ਼ੇਅਰ ਐਸੋਸੀਏਸ਼ਨ ਪਟਿਆਲਾ ਨੇ ਸੇਵਾ ਮੁਕਤ ਮੁਲਾਜ਼ਮਾ ਦੀ ਮੀਟਿੰਗ ਵਿੱਚ ਬੋਲਦਿਆਂ ਕੀਤਾ। ਇਸ ਮੌਕੇ 'ਤੇ ਅਸ਼ੋਕ ਕੁਮਾਰ ਸ਼ਰਮਾ ਅਤੇ ਪਾਲ ਸਿੰਘ ਦੇ ਜਨਮ ਦਿਨ ਕੇਕ ਕੱਟ ਕੇ ਮਨਾਏ ਗਏ। ਸਾਰੇ ਮੈਂਬਰਾਂ ਨੇ ਦੋਹਾਂ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੀਟਿੰਗ ਵਿੱਚ ਅਮਰਜੀਤ ਸਿੰਘ ਵੜੈਚ, ਉਜਾਗਰ ਸਿੰਘ, ਸੁਰਜੀਤ ਸਿੰਘ ਸੈਣੀ, ਸੁਰਜੀਤ ਸਿੰਘ ਦੁਖੀ, ਕੁਲਜੀਤ ਸਿੰਘ, ਜੈ ਕ੍ਰਿਸ਼ਨ ਕੈਸ਼ਅਪ, ਅਸ਼ੋਕ ਕੁਮਾਰ ਸ਼ਰਮਾ, ਪਰਮਜੀਤ ਕੌਰ ਸੋਢੀ, ਸ਼ਾਮ ਸੁੰਦਰ, ਨਵਲ ਕਿਸ਼ੋਰ, ਜੀ.ਆਰ.ਕੁਮਰਾ, ਪਰਮਜੀਤ ਸਿੰਘ ਸੇਠੀ, ਗੁਰਪ੍ਰਤਾਪ ਸਿੰਘ ਜੀ.ਪੀ.ਅਤੇ ਵਜ਼ੀਰ ਸਿੰਘ ਸ਼ਾਮਲ ਹੋਏ।

ਤਸਵੀਰ: ਐਸੋਸੀਏਸ਼ਨ ਦੇ ਅਹੁਦੇਦਾਰ ਅਤੇ ਮੈਂਬਰ।

## ਅਗਾਵਧੂਆਂ ਸ਼ਹਿਰੀਆਂ ਨੇ ਸੰਗਰੂਰ ਸ਼ਹਿਰ ਦੀ ਹੋ ਰਹੀ ਬਦਤਰ ਹਾਲਤ ਸੁਧਾਰਨ ਲਈ ਸਿਰ ਜੋੜੇ।

### ਫੋਰਮ/ ਮੰਚ ਬਣਾਉਣ ਲਈ 4 ਅਕਤੂਬਰ ਨੂੰ ਬਨਾਰਸ ਬਾਗ ਵਿਖੇ ਮੀਟਿੰਗ ਰੱਖੀ।

ਵਰਲਡ ਪੰਜਾਬੀ ਟਾਈਮਜ਼
ਮਨਧੀਰ ਸਿੰਘ ਰਾਜੋਮਾਜਰਾ




ਸੰਗਰੂਰ 25 ਸਤੰਬਰ : ਅੱਜ ਇਥੇ ਗਦਰ ਮੈਮੋਰੀਅਲ ਭਵਨ ਵਿਚ ਸੰਗਰੂਰ ਸ਼ਹਿਰ ਨਾਲ ਸਬੰਧਤ ਅਗਾਂਵਧੂਆਂ ਨੇ ਸੰਗਰੂਰ ਸ਼ਹਿਰ ਦੀਆਂ ਸਮਸਿਆਵਾਂ ਉਤੇ ਵਿਚਾਰ ਚਰਚਾ ਕਰਨ ਲਈ ਇਕ ਮੀਟਿੰਗ ਕੀਤੀ ਜਿਸ ਵਿਚ ਮਹਿਸੂਸ ਕੀਤਾ ਗਿਆ ਕਿ ਵਿਕਰਾਲ ਰੂਪ ਧਾਰਨ ਕਰ ਗਈਆਂ ਸਮਸਿਆਵਾਂ ਦੇ ਹਲ ਲਈ ਸਮੂਹਿਕ ਉਦਮ ਜਰੂਰੀ ਬਣ ਗਿਆ ਹੈ।ਇਸ ਦੀ ਖਾਤਰ ਪਰਸਾਸ਼ਨ ਤਕ ਪਹੁੰਚ ਕਰਨ ਲਈ ਇਕ ਫੋਰਮ/ਮੰਚ ਬਣਾਉਣ ਲਈ 4 ਅਕਤੂਬਰ 2025.ਨੂੰ ਸਥਾਨਕ
ਬਨਾਸਰ ਬਾਗ ਵਿਖੇ ਮੀਟਿੰਗ ਰੱਖੀ ਗਈ ਹੈ, ਜਿਸ ਵਿਚ ਸੰਗਰੂਰ ਸ਼ਹਿਰ ਦੀਆਂ ਸਾਰੀਆਂ ਜਥੇਬੰਦੀਆਂ / ਹਰ ਕਿਸਮ ਦੇ ਵਿਚਾਰਾਂ ਸ਼ਹਿਰੀਆਂ ਨੂੰ ਮੀਟਿੰਗ ਵਿਚ ਸ਼ਾਮਲ ਹੋਣ ਦਾ ਖੁਲਾ ਸੱਦਾ ਦਿੱਤਾ। ਪ੍ਰੈਸ ਲਈ ਬਿਆਨ ਜਾਰੀ ਕਰਦਿਆ ਮਨਧੀਰ ਸਿੰਘ ਰਾਜੋਮਾਜਰਾ,ਫਲਜੀਤ ਸਿੰਘ , ਮਿੰਦਰ ਸਿੰਘ ਭੱਠਲ, ਮਾਸਟਰ ਕੁਲਦੀਪ ਸਿੰਘ, ਹਰਜੀਤ ਸਿੰਘ ਤੇ ਬਸ਼ੇਸ਼ਰ ਰਾਮ ਨੇ ਦਸਿਆ ਕਿ ਸ਼ਹਿਰੀਆਂ ਨੂੰ ਪੇਸ਼ ਆ ਰਹੀਆਂ ਸਮਸਿਆਵਾਂ ਖਾਸ ਕਰ ਬਾਰ ਬਾਰ ਬੰਦ ਹੋ ਰਿਹਾ ਸੀਵਰੇਜ,ਸਫਾਈ ਦਾ ਬੁਰਾ ਹਾਲ ,ਪੀਣਯੋਗ ਪਾਣੀ ਦੀ ਸਮਸਿਆ,ਸਹਿਰ ਦੇ ਸਾਰੇ ਹਿਸਿਆਂ ਚ ਆ ਰਹੀ ਪਾਰਕਿੰਗ ਦੀ ਸਮਸਿਆ,ਸਟਰੀਟ ਲਾਈਟਾਂ ਦੀ ਸਮੱਸਿਆ,ਅਗੜਾ ਦੁਗੜਾ ਟ੍ਰੈਫਿਕ,ਸਰਕਾਰੀ ਹਸਪਤਾਲ ਤੇ ਹੋਰ ਥਾਵੀਂ ਬਣੇ ਕੂੜੇ ਦੇ ਡੰਪ(ਆਰਜੀ) ਅਤੇ ਟੁਟ ਰਹੀਆਂ ਸੜਕਾਂ ਸੰਬੰਧੀ ਚਰਚਾ ਕੀਤੀ ਗਈ ਤੇ ਗੰਭੀਰਤਾ ਨਾਲ ਮਹਿਸੂਸ ਕੀਤਾ ਗਿਆ ਕਿ ਇੰਨਾ ਨੂੰ ਹਲ ਕਰਨ ਵਲ ਨਗਰ ਕੌਂਸਲ, ਸੰਗਰੂਰ, ਸਬੰਧਤ ਵਿਭਾਗਾਂ /ਸਰਕਾਰ ਵਲੋਂ ਧਿਆਨ ਨਹੀਂ ਦਿਤਾ ਜਾ ਰਿਹਾ। ਨਗਰ ਕੌਂਸਲ, ਸੰਗਰੂਰ ਪ੍ਰਤੀ ਲੋਕਾਂ ਵੱਲੋਂ ਚੁਣੇ ਹੋਏ ਨਗਰ ਕੌਂਸਲ ਮੈਂਬਰਾਂ ਵੱਲੋਂ ਉਨ੍ਹਾਂ ਦੇ ਵਾਰਡਾਂ ਦਾ ਕੰਮ ਨਾ ਹੋਣ ਕਰਕੇ ਧਰਨਿਆਂ ਤੇ ਬੈਠਣਾ ਜਾਂ ਅਸਤੀਫੇ ਦੇਣ ਦੀਆਂ ਪੇਸ਼ਕਸ਼ਾਂ ਤੇ ਚਿੰਤਾ ਜਾਹਰ ਕੀਤੀ ਗਈ। ਤਾਲਮੇਲ/ ਸੁਨੇਹੇ ਲਗਾਉਣ ਲਈ ਇਕ ਵਟਸਐਪ ਗਰੁੱਪ ਬਣਾਉਣ ਤੇ ਵੀ ਸਹਿਮਤੀ ਬਣੀ।
ਇਸ ਮੀਟਿੰਗ ਫਲਜੀਤ ਸਿੰਘ ਬੁਖਾਰ ਹੋਣ ਕਾਰਨ ਐਡਵੋਕੇਟ ਕਿਰਨਜੀਤ ਸੇਖੋਂ, ਗੁਰਮੁੱਖ ਸਿੰਘ ਬਖੋਰਾ ,ਲਾਲ ਚੰਦ ,ਡਾ ਕਿਰਨਪਾਲ ਕੌਰ, ਬੱਬਨ ਪਾਲ, ਸੁਰਿੰਦਰ ਪਾਲ ਉਪਲੀ ਅਤੇ ਮਾਸਟਰ ਜਸਬੀਰ ਸਿੰਘ ਨਮੋਲ ਕੁੱਝ ਰੁਝੇਵਿਆਂ ਕਾਰਨ ਸ਼ਾਮਲ ਨਹੀਂ ਸਨ,ਪਰ ਉਨ੍ਹਾਂ ਨੇ ਸ਼ਹਿਰ ਦੀਆਂ ਸਮੱਸਿਆਵਾਂ ਪ੍ਰਤੀ ਚਿੰਤਾ ਤੇ ਸਾਝਾਂ ਮੰਚ ਬਣਾਉਣ ਲਈ ਸਹਿਮਤੀ ਜਾਹਰ ਕੀਤੀ। ਤਰਕਸ਼ੀਲ ਸੁਸਾਇਟੀ ਦੇ ਜੋਨ ਪ੍ਰਧਾਨ ਮਾਸਟਰ ਪਰਮਵੇਦ ਜੋ ਕਨੇਡਾ ਗਏ ਹੋਏ ਹਨ ਫੋਨ ਤੇ ਸਹਿਮਤੀ ਜਾਹਰ ਕੀਤੀ।
ਮੀਟਿੰਗ ਵਿਚ ਅਵਤਾਰ ਸਿੰਘ,ਪ੍ਰਿੰਸੀਪਲ ਅਮਰੀਕ ਸਿੰਘ ਖੋਖਰ ,ਗੁਰਦੀਪ ਸਿੰਘ,ਮਾਸਟਰ ਪਰਮਿੰਦਰ ਸਿੰਘ ਸ਼ਾਮਲ ਹੋਏ।

## ਦਸਮੇਸ਼ ਮਿਸ਼ਨ ਸਕੂਲ ਹਰੀ ਨੌਂ ਵਿਖੇ ਐੱਨ.ਐੱਸ.ਐੱਸ. ਡੇ ਮਨਾਇਆ ਗਿਆ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 25 ਸਤੰਬਰ : ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਵਿਖੇ ਵਿਖੇ ਐੱਨ.ਐੱਸ.ਐੱਸ. ਡੇ ਮਨਾਇਆ ਗਿਆ । ਇਸ ਦੇ ਸਬੰਧ ਵਿੱਚ ਸਕੂਲ ਦੇ ਐੱਨ.ਐੱਸ.ਐੱਸ. ਪ੍ਰੋਗਰਾਮ ਅਫਸਰ ਸ੍ਰੀਮਤੀ ਸ਼ਮਿੰਦਰ ਕੌਰ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਦੱਸਿਆ ਕਿ ਐੱਨ.ਐੱਸ.ਐੱਸ. ਭਾਰਤ ਸਰਕਾਰ ਦੇ ਯੁਵਕ ਮਾਮਲੇ ਅਤੇ ਖੇਡ ਮੰਤਰਾਲੇ ਦੁਆਰਾ ਚਲਾਇਆ ਜਾਂਦਾ ਇੱਕ ਬਹੁਤ ਹੀ ਮਹੱਤਵਪੂਰਨ ਪ੍ਰੋਗਰਾਮ ਹੈ, ਜੋ ਨੌਜਵਾਨਾਂ ਵਿੱਚ ਸਮਾਜ ਸੇਵਾ ਦੀ ਭਾਵਨਾ ਪੈਦਾ ਕਰਨ ਲਈ ਬਣਾਇਆ ਗਿਆ ਹੈ। ਐੱਨ.ਐੱਸ.ਐੱਸ ਦੇ ਇਤਿਹਾਸ ਬਾਰੇ ਦੱਸਦੇ ਹੋਏ ਕਿਹਾ ਕਿ ਐੱਨ.ਐੱਸ.ਐੱਸ ਦੀ ਸ਼ੁਰੂਆਤ 24 ਸਤੰਬਰ 1969 ਨੂੰ ਮਹਾਤਮਾ ਗਾਂਧੀ ਦੇ ਜਨਮ ਸ਼ਤਾਬਦੀ ਸਾਲ ਵਿੱਚ ਹੋਈ ਸੀ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੀ ਸ਼ਖਸੀਅਤ ਅਤੇ ਚਰਿੱਤਰ ਨੂੰ ਸਮਾਜ ਸੇਵਾ ਰਾਹੀਂ ਵਿਕਸਤ ਕਰਨਾ ਹੈ।ਗਾਂਧੀ ਜੀ ਦਾ ਮੰਨਣਾ ਸੀ ਕਿ ਦੇਸ਼ ਦੀ ਸੇਵਾ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਬਹੁਤ ਜ਼ਰੂਰੀ ਹੈ, ਅਤੇ ਐੱਨ.ਐੱਸ.ਐੱਸਇਸੇ ਸਿਧਾਂਤ 'ਤੇ ਅਧਾਰਤ ਹੈ। ਫਿਰ ਉਹਨਾਂ ਦੱਸਿਆ ਕਿ ਐੱਨ.ਐੱਸ. ਐੱਸ. ਦਾ ਮਨੋਰਥ ਹੈ "ਮੈਂ ਨਹੀਂ, ਤੁਸੀਂ" (Not Me, But You). ਇਹ ਸਿਧਾਂਤ ਨਿਰਸਵਾਰਥ ਸੇਵਾ ਦੀ ਭਾਵਨਾ ਨੂੰ ਦਰਸਾਉਂਦਾ ਹੈ ਅਤੇ ਲੋਕਤੰਤਰੀ ਜੀਵਨ-ਸ਼ੈਲੀ ਨੂੰ ਬੜਾਵਾ ਦਿੰਦਾ ਹੈ। ਇਸ ਤੋਂ ਬਾਅਦ ਸਕੂਲ ਦੇ ਅਧਿਆਪਕ ਆਸ਼ੂ ਬਾਂਸਲ ਵੱਲੋਂ ਐੱਨ.ਐੱਸ.ਐੱਸ. ਦੇ ਉਦੇਸ਼ਾਂ ਅਤੇ ਗਤੀਵਿਧੀਆਂ ਬਾਰੇ ਵਿਦਿਆਰਥੀਆਂ ਦੱਸਿਆ ਗਿਆ । ਐੱਨ.ਐੱਸ.ਐੱਸ. ਵਲੰਟੀਅਰਾਂ ਵੱਲੋਂ ਵੀ ਇਸ ਪ੍ਰੋਗਰਾਮ ਵਿੱਚ ਵੱਧ ਚੜ ਕੇ ਭਾਗ ਲਿਆ ਗਿਆ । ਇਸ ਸਮੇਂ ਸਕੂਲ ਮੈਨੇਜਿੰਗ ਡਾਇਰੈਕਟਰ ਸ. ਬਲਜੀਤ ਸਿੰਘ , ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ , ਸਕੂਲ ਪ੍ਰਿੰਸੀਪਲ ਸ੍ਰੀਮਤੀ ਸੋਮਾ ਦੇਵੀ ਅਤੇ ਸਮੂਹ ਸਟਾਫ ਹਾਜਿਰ ਸਨ ।